# ਉਦਯੋਗਿਕ ਨਿਰਦੇਸ਼:

## ਵਾਤਾਵਰਣ ਦੀ ਆਮ ਜ਼ਿੰਮੇਵਾਰੀ ਦੀ ਪਾਲਣਾ ਕਰਨ ਵਿੱਚ ਤੁਹਾਡੀ ਸਹਾਇਤਾ

EPA VICTORIA | Environment Protection Authority Victoria | VICTORIA State Government

ਪ੍ਰਕਾਸ਼ਨ 1741 ਅਪ੍ਰੈਲ 2019 / Translated publication: 1784 ਤੱਥ ਸ਼ੀਟ

1 ਜੁਲਾਈ 2020 ਤੋਂ ਇਕ ਨਵਾਂ ਕਾਨੂੰਨੀ ਢਾਂਚਾ ਸ਼ੁਰੂ ਹੋਵੇਗਾ। ਢਾਂਚਾ ਇਹ ਯਕੀਨੀ ਬਣਾਏਗਾ ਕਿ ਹਰ ਕੋਈ ਆਪਣੇ ਵਲੋਂ ਵਾਤਾਵਰਣ ਵਿੱਚ ਪੈਦਾ ਕੀਤੇ ਜਾਣ ਵਾਲੇ ਖਤਰਿਆਂ ਦੀ ਜ਼ਿੰਮੇਵਾਰੀ ਲਵੇ। ਜਨਰਲ ਇਨਵੌਰਨਮੈਂਟ ਡਿਊਟੀ (ਜੀ ਈ ਡੀ) ਸਾਰੇ ਵਿਕਟੋਰੀਆਂ ਵਾਸੀਆਂ ਉਪਰ ਲਾਗੂ ਹੁੰਦੀ ਹੈ। ਜੀ ਈ ਡੀ ਦੇ ਅਧੀਨ ਸਾਨੂੰ ਪਰਦੂਸ਼ਣ ਤੇ ਕੂੜੇ ਰਾਹੀਂ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਉਪਰ ਹੋਣ ਵਾਲੇ ਸਾਡੇ ਖਤਰਿਆਂ ਨੂੰ ਲਾਜ਼ਮੀ ਤੌਰ ਤੇ ਸਮਝਣਾ ਅਤੇ ਘਟਾਉਣਾ ਚਾਹੀਦਾ ਹੈ। ਜੀ ਈ ਡੀ *ਇਨਵੌਰਨਮੈਂਟ ਪਰੋਟੈਕਸ਼ਨ ਐਕਟ 2017* (ਐਕਟ) ਦੇ ਉਦੇਸ਼ਾਂ ਵਿੱਚ ਸਹਿਯੋਗ ਦਿੰਦੀ ਹੈ।

ਅਸੀਂ ਵਪਾਰਾਂ ਨਾਲ ਕੰਮ ਕਰਾਂਗੇ ਤਾਂ ਜੋ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਤਰੀਕੇ ਨੂੰ ਸਮਝਣ ਵਿੱਚ ਮਦਦ ਮਿਲ ਸਕੇ। ਅਸੀਂ ਅਗਵਾਈ, ਸਲਾਹ ਅਤੇ ਹੋਰ ਸਹਿਯੋਗ ਪ੍ਰਦਾਨ ਕਰਾਂਗੇ।

ਜੀ ਈ ਡੀ ਦੀ ਪਾਲਣਾ ਕਰਨ ਵਾਸਤੇ, ਵਪਾਰਾਂ ਨੂੰ ਲੋੜ ਹੋਵੇਗੀ:

- ਵਿਹਾਰਕ ਕਦਮ ਚੁੱਕਣ ਦੀ
- ਚੰਗੇ ਵਾਤਾਵਰਣ ਵਾਲੇ ਕੰਮ ਦੇ ਅਭਿਆਸ ਵਰਤਣ ਦੀ।

## ਜੀ ਈ ਡੀ ਦੇ ਅਧੀਨ ਕੰਮ ਕਰਨਾ

ਜੀ ਈ ਡੀ ਦੇ ਅਧੀਨ ਬਹੁਤੇ ਵਪਾਰਾਂ ਨੂੰ ਕੁਝ ਵੀ ਵੱਖਰਾ ਕਰਨ ਦੀ ਲੋੜ ਨਹੀਂ ਹੋਵੇਗੀ। ਬਹੁਤੇ ਪਹਿਲਾਂ ਹੀ ਚੰਗੇ ਪ੍ਰਬੰਧਕੀ ਅਭਿਆਸਾਂ ਨੂੰ ਅਪਣਾ ਰਹੇ ਹਨ ਜੋ ਉਹਨਾਂ ਨੂੰ ਜੀ ਈ ਡੀ ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇਹਨਾਂ ਅਭਿਆਸਾਂ ਵਿੱਚ ਸ਼ਾਮਲ ਹਨ:

- ਕਿੱਤਾ ਸਿਹਤ ਤੇ ਸੁਰੱਖਿਆ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਾ
- ਉਦਯੋਗ ਦੇ ਮਾਪਦੰਡਾਂ ਨੂੰ ਪੂਰਾ ਕਰਨਾ
- ਉਦਯੋਗ ਦੇ ਚੰਗੇ ਪ੍ਰਬੰਧਕੀ ਅਭਿਆਸਾਂ ਨੂੰ ਵਰਤਣਾ
- ਵਾਤਾਵਰਣ ਨਾਲ ਸਬੰਧਿਤ ਹੋਰ ਕਾਨੂੰਨਾਂ ਦੀ ਪਾਲਣਾ ਕਰਨਾ।

ਵਾਤਾਵਰਣ ਦੇ ਖਤਰਿਆਂ ਨੂੰ ਘਟਾਉਣ ਲਈ ਜੀ ਈ ਡੀ ਇਹ ਸਪੱਸ਼ਟ ਕਰਦੀ ਹੈ ਕਿ ਤੁਹਾਨੂੰ ਤੁਹਾਡੇ ਵਪਾਰ ਦਾ ਪ੍ਰਬੰਧ ਕਰਨ ਦੀ ਲੋੜ ਹੈ। ਜੇਕਰ ਤੁਹਾਨੂੰ ਸਪੱਸ਼ਟ ਨਹੀਂ ਹੈ ਕਿ ਵਾਤਾਵਰਣ ਨੂੰ ਬਚਾਉਣ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ, ਜੀ ਈ ਡੀ ਸਹਾਇਤਾ ਕਰ ਸਕਦੀ ਹੈ। ਜੀ ਈ ਡੀ ਤੁਹਾਨੂੰ ਅਤੇ ਸਾਨੂੰ ਖਤਰਿਆਂ ਨੂੰ ਸਮਝਣ ਅਤੇ ਇਹਨਾਂ ਨੂੰ ਘਟਾਉਣ ਵਾਸਤੇ ਸਪੱਸ਼ਟ ਢਾਂਚਾ ਪ੍ਰਦਾਨ ਕਰਦੀ ਹੈ।

ਜੋ ਵਪਾਰ ਠੀਕ ਕੰਮ ਨਹੀਂ ਕਰਦੇ ਹਨ, ਐਕਟ (ਕਾਨੂੰਨ) ਉਹਨਾਂ ਦੀਆਂ ਜ਼ਿੰਮੇਵਾਰੀਆਂ ਨੂੰ ਸਪੱਸ਼ਟ ਕਰਦਾ ਹੈ। ਇਹ ਉਹਨਾਂ ਨੂੰ ਲੱਭਣ ਅਤੇ ਉਹਨਾਂ ਨੂੰ ਪਾਲਣ ਕਰਵਾਉਣ ਲਈ ਸਾਨੂੰ ਸਾਧਨ ਵੀ ਦਿੰਦਾ ਹੈ। ਇਹ ਹਰ ਕਿਸੇ ਲਈ ਬਰਾਬਰੀ ਦੇ ਮੌਕੇ ਪੈਦਾ ਕਰਦਾ ਹੈ।

ਪਰਿਭਾਸ਼ਾ: "ਇਕ ਇਨਸਾਨ ਜੋ ਪਰਦੂਸ਼ਨ ਜਾਂ ਕੂੜੇ ਰਾਹੀਂ ਇਹੋ ਜਿਹੀ ਕਿਰਿਆ ਕਰ ਰਿਹਾ ਹੈ ਜੋ ਇਨਸਾਨੀ ਸਿਹਤ ਜਾਂ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦਾ ਖਤਰਾ ਵਧਾ ਸਕਦੀ ਹੈ ਉਹ ਵਿਹਾਰਕ ਤੌਰ ਤੇ ਜਿੰਨ੍ਹਾਂ ਵੀ ਵਾਜਬ ਹੋ ਸਕੇ ਇਹਨਾਂ ਖਤਰਿਆਂ ਨੂੰ ਘਟਾਵੇ"।

## ਜੀ ਈ ਡੀ ਕੀ ਹੈ?

Authorised and published by
Environment Protection Authority Victoria
200 Victoria Street, Carlton VIC 3053
**W** epa.vic.gov.au | **T** 1300 372 842 (1300 EPA VIC)

Interpreter

If you need interpreter assistance or want this document translated please call **131 450** and advise your preferred language.

If you are deaf, or have a hearing or speech impairment, contact us through the National Relay Service. For more information, visit: **www.relayservice.gov.au**

**ਵਿਹਾਰਕ ਤੌਰ ਤੇ ਵਾਜਬ** ਦਾ ਅਰਥ ਅਜਿਹੇ ਖਤਰੇ ਦਾ ਪ੍ਰਬੰਧ ਕਰਨ ਲਈ ਨਿਗਰਾਨੀ ਕਰਨੀ ਹੈ ਜੋ ਖਤਰੇ ਦੇ ਬਰਾਬਰ ਹੋਵੇ।

ਇਹ ਹੋਣ ਵਾਲੇ ਨੁਕਸਾਨ ਦੇ ਮੌਕੇ ਅਤੇ ਨੁਕਸਾਨ ਦੇ ਵਾਤਾਵਰਣ ਉਪਰ ਹੋਣ ਵਾਲੇ ਅਸਰ ਨਾਲ ਸਬੰਧਿਤ ਹੈ। ਇਹ ਇਹਨਾਂ ਨਾਲ ਵੀ ਸਬੰਧਿਤ ਹੈ:

- ਕਿਹੜੀਆਂ ਨਿਗਰਾਨੀਆਂ ਉਪਲਬਧ ਹਨ
- ਉਹਨਾਂ ਦੀ ਕੀ ਲਾਗਤ ਹੈ
- ਵਪਾਰ ਆਮ ਤੌਰ ਤੇ ਖਤਰੇ ਬਾਰੇ ਕੀ ਜਾਣਦੇ ਹਨ, ਇਸ ਨੂੰ 'ਜਾਣਕਾਰੀ ਦੀ ਦਸ਼ਾ' ਕਿਹਾ ਜਾਂਦਾ ਹੈ
- ਇਸ ਦੀ ਨਿਗਰਾਨੀ ਲਈ ਉਹਨਾਂ ਕੋਲ ਕੀ ਵਿਕਲਪ ਹਨ।

ਅਗਲੇਰੀ ਜਾਣਕਾਰੀ

*ਸਾਨੂੰ ਸੰਪਰਕ ਕਰੋ:* **www.epa.vic.gov.au**
***1300 372 842*** *(1300 EPA VIC)*

ਉਦਯੋਗੀ ਦਿਸ਼ਾ-ਨਿਰਦੇਸ਼:

www.epa.vic.gov.au/business-and-industry/guidelines

ਨਵੇਂ ਕਾਨੂੰਨਾਂ ਵੱਲ ਤਬਦੀਲੀ:

www.epa.vic.gov.au/newlaws

ਨਵੇਂ ਕਾਨੂੰਨਾਂ ਨੂੰ ਸਮਝਣਾ:
engagement@epa.vic.gov.au

## ਜਾਣਕਾਰੀ ਦੀ ਦਸ਼ਾ ਨੂੰ ਸਮਝਣਾ

ਜਾਣਕਾਰੀ ਦੀ ਦਸ਼ਾ ਇਹ ਸਮਝਾਉਂਦੀ ਹੈ ਕਿ ਵਪਾਰ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਦੇ ਨੁਕਸਾਨ ਬਾਰੇ ਜਾਂ ਨੁਕਸਾਨ ਦੇ ਖਤਰੇ ਬਾਰੇ ਕੀ ਜਾਣਦੇ ਹਨ ਜਾਂ ਉਹਨਾਂ ਨੂੰ ਕੀ ਜਾਨਣਾ ਚਾਹੀਦਾ ਹੈ। ਇਹ ਵੀ ਸਮਝਾਉਂਦੀ ਹੈ ਕਿ ਉਹ ਉਹਨਾਂ ਖਤਰਿਆਂ ਨੂੰ ਖਤਮ ਕਰਨ ਜਾਂ ਘਟਾਉਣ ਲਈ ਚਾਹੀਦੀਆਂ ਨਿਗਰਾਨੀਆਂ ਬਾਰੇ ਕੀ ਜਾਣਦੇ ਹਨ।

ਜੀ ਈ ਡੀ ਦੇ ਅਧੀਨ ਤੁਹਾਨੂੰ ਇਹ ਪਤਾ ਕਰਨ ਦੀ ਲੋੜ ਹੈ ਕਿ ਤੁਹਾਡੀਆਂ ਗਤਿਵਿਧੀਆਂ ਦਾ ਕੀ ਖਤਰਾ ਹੋ ਸਕਦਾ ਹੈ ਅਤੇ ਇਹਨਾਂ ਨੂੰ ਕਿਵੇਂ ਘਟਾਉਣਾ ਹੈ।

ਇਹ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਨੂੰ ਭਰੋਸੇਮੰਦ, ਵਿਸ਼ਵਾਸ਼ਯੋਗ ਵਸੀਲਿਆਂ ਨੂੰ ਵਰਤਣ ਦੀ ਲੋੜ ਪਵੇਗੀ। ਤੁਸੀਂ ਇਹ ਜਾਣਕਾਰੀ ਇਹਨਾਂ ਰਾਹੀਂ ਲੈ ਸਕਦੇ ਹੋ:

- ਆਪਣੇ ਵਪਾਰ ਅਤੇ ਉਦਯੋਗ ਤੋਂ
- ਪ੍ਰਬੰਧਕਾਂ ਅਤੇ ਸਰਕਾਰੀ ਏਜੰਸੀਆਂ ਤੋਂ
- ਸੁਤੰਤਰ ਸੰਸਥਾਵਾਂ ਤੋਂ

**ਵਪਾਰ ਅਤੇ ਉਦਯੋਗ ਜਾਣਕਾਰੀ** ਵਿੱਚ ਸ਼ਾਮਲ ਹੋ ਸਕਦਾ ਹੈ:

- ਗਤੀਵਿਧੀਆਂ ਨੂੰ ਸੁਰੱਖਿਅਤ ਤਰੀਕੇ ਨਾਲ ਕਰਨ ਲਈ ਵਪਾਰਕ ਦਸਤਾਵੇਜ਼ ਅਤੇ ਕਾਰਵਾਈਆਂ
- ਚੀਜ਼ਾਂ ਭੇਜਣ ਵਾਲਿਆਂ ਅਤੇ ਠੇਕੇਦਾਰਾਂ ਤੋਂ ਨਿਯਮਾਵਲੀਆਂ ਅਤੇ ਜਾਣਕਾਰੀ
- ਸੁਰੱਖਿਆ ਡੈਟਾ ਸ਼ੀਟਾਂ ਅਤੇ ਲੇਬਲਿੰਗ
- ਉਤਪਾਦਾਂ ਨੂੰ ਸੁਰੱਖਿਅਤ ਤਰੀਕੇ ਨਾਲ ਵਰਤਣ ਲਈ ਨਿਰਮਾਤਾਵਾਂ ਦੇ ਨਿਰਦੇਸ਼
- ਉਪਕਰਣ ਨੂੰ ਕਿਵੇਂ ਵਰਤਣਾ ਹੈ, ਇਸ ਬਾਰੇ ਸਿਖਲਾਈ
- ਗਤੀਵਿਧੀਆਂ ਵਿੱਚ ਹਿੱਸਾ ਲੈ ਰਹੇ ਲੋਕਾਂ ਵਿੱਚ ਇਕਰਾਰਨਾਮੇ ਦੇ ਪ੍ਰਬੰਧ
- ਉਦਯੋਗਿਕ ਐਸੋਸੀਏਸ਼ਨਾਂ ਅਤੇ ਉੱਚ ਸੰਸਥਾਵਾਂ ਕੋਲੋਂ ਦਸਤਾਵੇਜ਼, ਨਿਯਮਾਵਲੀਆਂ ਅਤੇ ਅਗਵਾਈ

ਈ ਪੀ ਏ ਅਤੇ ਹੋਰ ਸਰਕਾਰੀ ਅਥਾਰਿਟੀਆਂ (Sustainability Victoria ਅਤੇ WorkSafe ਸਮੇਤ) ਕੋਲੋਂ **ਪ੍ਰਬੰਧਕੀ ਅਤੇ ਸਰਕਾਰੀ ਏਜੰਸੀ ਜਾਣਕਾਰੀ** ਵਿੱਚ ਸ਼ਾਮਲ ਹੋ ਸਕਦਾ ਹੈ:

- ਗਾਈਡਾਂ ਅਤੇ ਤਕਨੀਕੀ ਨੋਟ
- ਅਨੁਸਰਨ ਅਤੇ ਲਾਗੂ ਕਰਨ ਦੇ ਨਤੀਜਿਆਂ ਉਪਰ ਫੈਸਲੇ
- ਸਲਾਹ (ਤੁਹਾਡੇ ਵਪਾਰ ਨੂੰ ਦਿੱਤੀ ਖਾਸ ਸਲਾਹ ਦੇ ਸਮੇਤ)।

**ਸੁਤੰਤਰ ਸੰਸਥਾਵਾਂ ਦੀ ਜਾਣਕਾਰੀ** ਵਿੱਚ ਇਹਨਾਂ ਸੰਸਥਾਵਾਂ ਦੀਆਂ ਰਿਪੋਰਟਾਂ ਸ਼ਾਮਲ ਹੋ ਸਕਦੀਆਂ ਹਨ:

- Standards Australia
- ਯੂਨੀਵਰਿਸਟੀਆਂ
- ਇਨਵਾਰਨਮੈਂਟਲ ਇੰਜੀਨੀਅਰਜ਼।

ਨਵੀਂ ਤਕਨੀਕ, ਪ੍ਰਣਾਲੀਆਂ ਅਤੇ ਕਾਰਵਾਈਆਂ ਦਾ ਵਿਕਾਸ ਹੋਣ ਦੇ ਨਾਲ-ਨਾਲ ਜਾਂ ਕਿਸੇ ਨਵੇਂ ਖਤਰੇ ਦੇ ਹੋਣ ਤੇ, ਜਾਣਕਾਰੀ ਦੀ ਦਸ਼ਾ ਬਦਲੇਗੀ।

## ਅਸੀਂ ਜਾਣਕਾਰੀ ਦੀ ਦਸ਼ਾ ਵਿੱਚ ਕਿਵੇਂ ਹਿੱਸਾ ਪਾ ਸਕਦੇ ਹਾਂ

ਖਤਰਿਆਂ ਦੀ ਪਛਾਣ ਅਤੇ ਨਿਗਰਾਨੀ ਕਰਨ ਵਿੱਚ ਵਪਾਰਾਂ ਦੀ ਸਹਾਇਤਾ ਕਰਨ ਲਈ ਅਸੀਂ ਉਦਯੋਗਾਂ ਦੇ ਨਾਲ ਕੰਮ ਕਰਕੇ ਗਾਈਡਾਂ ਦਾ ਵਿਕਾਸ ਕਰਾਂਗੇ।

ਇਸ ਵਿੱਚ ਸ਼ਾਮਲ ਹੋ ਸਕਦਾ ਹੈ:

- ਮਹੱਤਵਪੂਰਣ ਸਿਹਤ ਅਤੇ ਵਾਤਾਵਰਣ ਮੁੱਦਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ
- ਅਜਿਹੀਆਂ ਪਹਿਲ ਕਦਮੀਆਂ ਨੂੰ ਸਹਿਯੋਗ ਦੇਣਾ ਜਿੱਥੇ ਵਪਾਰ ਨੂੰ ਕਾਨੂੰਨਾਂ ਤੇ ਨਿਯਮਾਂ ਬਾਰੇ ਸਿੱਖਿਅਤ ਕਰਨ ਦੀ ਸਲਾਹ ਸਹਾਇਕ ਹੋ ਸਕਦੀ ਹੈ
- ਵਪਾਰਾਂ ਨੂੰ ਸਿੱਖਿਅਤ ਕਰਨਾ ਜਦੋਂ ਉਦਯੋਗ ਦੇ ਮੈਂਬਰ ਪਾਲਣਾ ਕਰਨ ਵਿੱਚ ਗੰਭੀਰਤਾ ਨਾਲ ਜਾਂ ਵਾਰ ਵਾਰ ਪਾਲਣ ਕਰਨ ਤੋਂ ਨਾਕਾਮ ਰਹਿੰਦੇ ਹਨ।



ਤੁਸੀਂ ਆਪਣੇ ਉਦਯੋਗ ਦੀ ਐਸੋਸੀਏਸ਼ਨ ਨਾਲ ਵੀ ਸੰਪਰਕ ਕਰ ਸਕਦੇ ਹੋ।

*ਆਪਣੇ ਵਾਤਾਵਰਣ ਦੇ ਅਸਰ ਦਾ ਪ੍ਰਬੰਧ ਕਿਵੇਂ ਕਰਨਾ ਹੈ, ਇਸ ਬਾਰੇ ਅਗਲੇਰੀ ਜਾਣਕਾਰੀ ਵਾਸਤੇ*

epa.vic.gov.au/business-and-industry/how-to-manage-your-environmental-impact